ਮਿੱਠੇ ਬੱਚੇ:- "ਮਿੱਠੇ ਬੱਚੇ:- ਆਪਣੀ ਰੌਇਲ ਚਲਣ ਨਾਲ ਸੇਵਾ ਕਰਨੀ ਹੈ, ਸ਼੍ਰੀਮਤ ਤੇ ਬੁੱਧੀ ਨੂੰ ਰਿਫਾਇਨ(ਸ਼ੁੱਧ) ਬਨਾਉਣਾ ਹੈ। ਮਾਤਾਵਾਂ ਨੂੰ ਰਿਗਾਰ੍ਡ ਦੇਣਾ ਹੈ"

ਪ੍ਰਸ਼ਨ:- ਪ੍ਰਸ਼ਨ:- ਕਿਹੜਾ ਕਰੱਤਵ ਇਕ ਬਾਪ ਦਾ ਹੈ ਕਿਸੇ ਮਨੁੱਖ ਦਾ ਨਹੀਂ?

ਉੱਤਰ:- ਸਾਰੀ ਦੁਨੀਆ ਵਿਚ ਸ਼ਾਂਤੀ ਸਥਾਪਨ ਕਰਨਾ, ਇਹ ਫਰਜ ਬਾਪ ਦਾ ਹੈ। ਮਨੁੱਖ ਚਾਹੇ ਕਿੰਨੀਆਂ ਕੰਨਫਰੇਂਸ (ਸੰਮੇਲਨ) ਕਰਦੇ ਰਹਿਣ ਪੀਸ ਹੋ ਨਹੀਂ ਸਕਦੀ। ਸ਼ਾਂਤੀ ਦਾ ਸਾਗਰ ਬਾਪ ਜਦੋ ਬੱਚਿਆਂ ਤੋਂ ਪਵਿੱਤਰਤਾ ਦੀ ਪ੍ਰਤਿਗਿਆ(ਪ੍ਰਣ) ਕਰਵਾਉਂਦੇ ਹਨ ਓਦੋ ਸ਼ਾਂਤੀ ਸਥਾਪਨ ਹੁੰਦੀ ਹੈ। ਪਵਿੱਤਰ ਦੁਨੀਆ ਵਿਚ ਹੀ ਸ਼ਾਂਤੀ ਹੈ। ਤੁਸੀਂ ਇਹ ਗੱਲ ਸਭ ਨੂੰ ਬੜੀ ਯੁਕਤੀ ਨਾਲ ਅਤੇ ਭਬਕੇ ਨਾਲ ਸਮਝਾਓ ਤਾ ਬਾਪ ਦਾ ਨਾਮ ਬਾਲਾ ਹੋਵੇ।

ਗੀਤ:- ਮੈਂ ਇਕ ਨੰਨ੍ਹਾ ਸਾ ਬੱਚਾ ਹਾਂ...

ਓਮ ਸ਼ਾਂਤੀ ਇਹ ਗੀਤ ਤੇ ਭਗਤੀ ਮਾਰਗ ਦਾ ਗਾਇਆ ਹੋਇਆ ਹੈ ਕਿਉਂਕਿ ਇਕ ਪਾਸੇ ਭਗਤੀ ਦਾ ਅਸਰ ਹੈ ਦੂਜੇ ਪਾਸੇ ਗਿਆਨ ਦਾ ਅਸਰ ਹੈ। ਭਗਤੀ ਅਤੇ ਗਿਆਨ ਵਿਚ ਦਿਨ ਰਾਤ ਦਾ ਫਰਕ ਹੈ। ਕਿਹੜਾ ਫਰਕ ਹੈ? ਇਹ ਤਾਂ ਬੜਾ ਸੌਖਾ ਹੈ। ਭਗਤੀ ਹੈ ਰਾਤ ਅਤੇ ਗਿਆਨ ਹੈ ਦਿਨ। ਭਗਤੀ ਵਿਚ ਹਨ ਦੁੱਖ, ਜਦੋ ਭਗਤ ਦੁਖੀ ਹੁੰਦੇ ਹਨ ਤਾਂ ਭਗਵਾਨ ਨੂੰ ਪੁਕਾਰਦੇ ਹਨ। ਫਿਰ ਭਗਵਾਨ ਨੂੰ ਆਉਣਾ ਪੈਂਦਾ ਹੈ। ਦੁਖੀਆ ਦਾ ਦੁੱਖ ਦੂਰ ਕਰਨ ਲਈ। ਫਿਰ ਬਾਪ ਨੂੰ ਪੁੱਛਿਆ ਜਾਂਦਾ ਹੈ, ਡਰਾਮਾ ਵਿਚ ਕੀ ਕੋਈ ਭੁੱਲ ਹੈ ਬਾਪ ਕਹਿੰਦੇ ਹਨ, ਹਾਂ ਬੜੀ ਵੱਡੀ ਭੁੱਲ ਹੈ ਜੋ ਮੈਨੂੰ ਭੁੱਲ ਜਾਂਦੇ ਹੋ। ਕੌਣ ਭੁਲਾਉਂਦੇ ਹਨ? ਮਾਇਆ ਰਾਵਣ। ਬਾਪ ਬੈਠ ਸਮਝਾਉਂਦੇ ਹਨ - ਬੱਚੇ, ਇਹ ਖੇਲ ਬਣਿਆ ਹੋਇਆ ਹੈ। ਸਵਰਗ ਅਤੇ ਨਰਕ ਹੁੰਦਾ ਤਾਂ ਭਾਰਤ ਵਿੱਚ ਹੀ ਹੈ। ਭਾਰਤ ਵਿੱਚ ਹੀ ਕੋਈ ਮਰਦਾ ਹੈ ਤਾਂ ਕਹਿੰਦੇ ਹਨ ਬੈਕੁੰਠਵਾਸੀ ਹੋਇਆ। ਇਹ ਤਾਂ ਜਾਣਦੇ ਨਹੀਂ ਕਿ ਸਵਰਗ ਅਤੇ ਬੈਕੁੰਠ ਕਦੋਂ ਹੁੰਦਾ ਹੈ? ਜਦੋਂ ਸਵਰਗ ਹੁੰਦਾ ਹੈ ਤਾਂ ਮਨੁੱਖ ਪੁਨਰਜਨਮ ਜਰੂਰ ਸਵਰਗ ਵਿੱਚ ਹੀ ਲੈਣਗੇ। ਹੁਣ ਤਾਂ ਹੈ ਹੀ ਨਰਕ ਤਾਂ ਪੁਨਰਜਨਮ ਵੀ ਜਰੂਰ ਨਰਕ ਵਿੱਚ ਹੀ ਲੈਣਗੇ, ਜਦੋਂ ਤੱਕ ਸਵਰਗ ਦੀ ਸਥਾਪਨਾ ਹੋਵੇ। ਮਨੁੱਖ ਤਾਂ ਇਹ ਗੱਲਾਂ ਨਹੀਂ ਜਾਣਦੇ ਹਨ। ਇੱਕ ਹੈ ਈਸ਼ਵਰੀ ਮਤਲਬ ਰਾਮ ਸਮ੍ਪ੍ਰਾਈ, ਦੂਸਰਾ ਹੈ ਰਾਵਣ ਸੰਪ੍ਰਦਾਈ। ਸਤਿਯੁਗ - ਤ੍ਰੇਤਾ ਵਿੱਚ ਹੈ ਰਾਮ ਸੰਪ੍ਰਦਾਈ, ਉਹਨਾਂ ਨੂੰ ਕੋਈ ਦੁੱਖ ਨਹੀਂ ਹੈ। ਅਸ਼ੋਕ ਵਾਟਿਕਾ ਵਿੱਚ ਰਹਿੰਦੇ ਹਨ। ਫਿਰ ਅੱਧਾਕਲਪ ਬਾਅਦ ਰਾਵਣ ਰਾਜ ਸ਼ੁਰੂ ਹੁੰਦਾ ਹੈ। ਹੁਣ ਬਾਪ ਫਿਰ ਤੋਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਥਾਪਨ ਕਰਦੇ ਹਨ। ਉਹ ਹੈ ਸਭਤੋਂ ਸਰਵੋਤਮ ਧਰਮ। ਧਰਮ ਤੇ ਸਭ ਹਨ ਨਾ। ਧਰਮਾਂ ਦੀ ਕਾਨਫ੍ਰੰਸ ਹੁੰਦੀ ਹੈ। ਭਾਰਤ ਵਿੱਚ ਅਨੇਕ ਧਰਮ ਵਾਲੇ ਆਉਂਦੇ ਹਨ, ਕਾਂਨਫ੍ਰੇਸ ਕਰਦੇ ਹਨ। ਹੁਣ ਜੋ ਭਾਰਤਵਾਸੀ ਧਰਮ ਨੂੰ ਮੰਨਣ ਵਾਲੇ ਹੀ ਨਹੀਂ, ਉਹ ਕਾਂਨਫਰੇਂਸ ਕੀ ਕਰਨਗੇ? ਅਸਲ ਵਿੱਚ ਭਾਰਤ ਦਾ ਪ੍ਰਾਚੀਨ ਧਰਮ ਤਾਂ ਹੈ ਹੀ ਆਦਿ ਸਨਾਤਨ ਦੇਵੀ - ਦੇਵਤਾ ਧਰਮ। ਹਿੰਦੂ ਧਰਮ ਤੇ ਹੈ ਨਹੀਂ। ਸਭਤੋਂ ਉੱਚ ਹੈ ਦੇਵੀ - ਦੇਵਤਾ ਧਰਮ। ਹੁਣ ਕ਼ਾਇਦਾ ਕਹਿੰਦਾ ਹੈ ਸਭਤੋਂ ਉੱਚ ਤੇ ਉੱਚ ਧਰਮ ਵਾਲੇ ਨੂੰ ਗੱਦੀ ਤੇ ਬਿਠਾਉਣਾ ਚਾਹੀਦਾ ਹੈ। ਸਭਤੋਂ ਅੱਗੇ ਕਿਸ ਨੂੰ ਬਿਠਾਉਣ? ਇਸ ਤੇ ਕਦੀ ਉਹਨਾਂ ਦਾ ਝਗੜਾ ਲਗ ਪੈਂਦਾ ਹੈ। ਜਿਵੇਂ ਇੱਕ ਵਾਰ ਕੁੰਭ ਦੇ ਮੇਲੇ ਵਿੱਚ ਝਗੜਾ ਹੋ ਗਿਆ ਸੀ। ਉਹ ਕਹੇ ਪਹਿਲੇ ਸਾਡੀ ਸਵਾਰੀ ਚੱਲੇ, ਉਹ ਕਹਿਣ ਪਹਿਲੇ ਸਾਡੀ। ਲੜਣ ਲੱਗ ਪਏ ਸਨ। ਤਾਂ ਹੁਣ ਇਸ ਕਾਂਨਫਰੇਂਸ ਵਿੱਚ ਬੱਚਿਆਂ ਨੂੰ ਇਹ ਸਮਝਾਉਣਾ ਹੈ ਕਿ ਉੱਚ ਤਾਂ ਉੱਚ ਕਿਹੜਾ ਧਰਮ ਹੈ? ਉਹ ਤਾਂ ਜਾਣਦੇ ਨਹੀਂ। ਬਾਪ ਕਹਿੰਦੇ ਹਨ ਆਦਿ ਸਨਾਤਨ ਹੈ ਹੀ ਦੇਵੀ ਦੇਵਤਾ ਧਰਮ। ਜੋ ਹੁਣ ਪ੍ਰਯ ਲੋਪ ਹੋ ਗਿਆ ਹੈ ਅਤੇ ਆਪਣੇ ਨੂੰ ਹਿੰਦੂ ਕਹਾਉਣ ਲਗ ਪਏ ਹਨ। ਹੁਣ ਚੀਨ ਵਿੱਚ ਰਹਿਣ ਵਾਲੇ ਆਪਣਾ ਧਰਮ ਚੀਨ ਤਾਂ ਨਹੀਂ ਕਹਿਣਗੇ, ਉਹ ਲੋਕ ਤਾਂ ਜਿਸਨੂੰ ਨਾਮੀਗ੍ਰਾਮੀ ਦੇਖਦੇ ਹਨ ਉਹਨਾਂ ਨੂੰ ਮੁਖ ਕਰਕੇ ਬਿਠਾ ਦਿੰਦੇ ਹਨ। ਕਾਇਦੇ ਅਨੁਸਾਰ ਕਾਂਨਫਰੇਂਸ ਵਿੱਚ ਬਹੁਤ ਆ ਨਹੀਂ ਸਕਦੇ। ਸਿਰਫ ਰਿਲੀਜਨ ਦੇ ਹੈਡਸ ਨੂੰ ਹੀ ਨਿਮੰਤਰਣ ਦਿੱਤਾ ਜਾਂਦਾ ਹੈ। ਬਹੁਤਿਆਂ ਨਾਲ ਫਿਰ ਬਹੁਤ ਬੋਲਚਾਲ ਹੋ ਜਾਂਦਾ ਹੈ। ਹੁਣ ਉਹਨਾਂ ਨੂੰ ਰਾਏ ਦੇਣ ਵਾਲਾ ਤਾਂ ਕੋਈ ਹੈ ਨਹੀਂ। ਤੁਸੀਂ ਹੋ ਉੱਚ ਤੇ ਉੱਚ ਦੇਵੀ - ਦੇਵਤਾ ਧਰਮ ਵਾਲੇ। ਹੁਣ ਦੇਵਤਾ ਧਰਮ ਦੀ ਸਥਾਪਨਾ ਕਰ ਰਹੇ ਹੋ। ਤੁਸੀਂ ਹੀ ਦਸ ਸਕਦੇ ਹੋ ਭਾਰਤ ਦਾ ਜੋ ਮੁਖ ਧਰਮ ਹੈ, ਜੋ ਸਭ ਧਰਮਾਂ ਦਾ ਮਾਈ -ਬਾਪ ਹੈ ਉਹਨਾਂ ਦੇ ਹੈਡ ਨੂੰ ਇਸ ਕਾਂਨਫਰੇਂਸ ਵਿੱਚ ਮੁਖ ਬਣਾਉਣਾ ਚਾਹੀਦਾ ਹੈ। ਗੱਦੀ ਨਸ਼ੀਨ ਉਹਨਾਂ ਨੂੰ ਕਰਨਾ ਚਾਹੀਦਾ ਹੈ। ਬਾਕੀ ਤਾਂ ਸਭ ਹਨ ਉਹਨਾਂ ਦੇ ਥੱਲੇ। ਤਾਂ ਮੁਖ ਬੱਚੇ ਜੋ ਹਨ ਉਹਨਾਂ ਦੀ ਬੁੱਧੀ ਚਲਣੀ ਚਾਹੀਦੀ ਹੈ।

ਭਗਵਾਨ ਅਰਜੁਨ ਨੂੰ ਬੈਠ ਸਮਝਾਉਂਦੇ ਹਨ। ਸੰਜੇ ਇਹ ਹੈ। ਅਰਜੁਨ ਤਾਂ ਹਨ ਰਥੀ। ਉਹਨਾਂ ਵਿੱਚ ਰਥਵਾਨ ਹੈ ਬਾਪ, ਉਹ ਸਮਝਦੇ ਹਨ ਰੂਪ ਬਦਲਕੇ ਸ਼੍ਰੀਕ੍ਰਿਸ਼ਨ ਦੇ ਤਨ ਵਿੱਚ ਆਕੇ ਗਿਆਨ ਦਿੱਤਾ ਹੈ। ਪਰ ਇਵੇਂ ਤਾਂ ਹੈ ਨਹੀਂ। ਹੁਣ ਪ੍ਰਜਾਪਿਤਾ ਵੀ ਹੈ, ਤ੍ਰਿਮੂਰਤੀ ਦੇ ਉੱਪਰ ਬਹੁਤ ਚੰਗੀ ਤਰ੍ਹਾਂ ਸਮਝਾਇਆ ਜਾ ਸਕਦਾ ਹੈ। ਤ੍ਰਿਮੂਰਤੀ ਦੇ ਉੱਪਰ ਸ਼ਿਵਬਾਬਾ ਦਾ ਚਿੱਤਰ ਜਰੂਰ ਚਾਹੀਦਾ ਹੈ। ਸੂਕ੍ਸ਼੍ਮਵਤਨ ਦੀ ਰਚਨਾ। ਬੱਚੇ ਸਮਝਦੇ ਹਨ ਇਹ ਵਿਸ਼ਨੂੰ ਹੈ ਪਾਲਣਕਰਤਾ। ਪ੍ਰਜਾਪਿਤਾ ਬ੍ਰਹਮਾ ਹੈ ਸਥਾਪਨ ਕਰਤਾ। ਤਾਂ ਉਹਨਾਂ ਦਾ ਵੀ ਚਿੱਤਰ ਚਾਹੀਦਾ ਹੈ। ਇਹ ਬੜੀ ਸਮਝ ਦੀ ਗੱਲ ਹੈ। ਬੁੱਧੀ ਵਿੱਚ ਰਹਿੰਦਾ ਹੈ ਪ੍ਰਜਾਪਿਤਾ ਬ੍ਰਹਮਾ ਜਰੂਰ ਹੈ। ਵਿਸ਼ਨੂੰ ਵੀ ਤਾਂ ਚਾਹੀਦਾ ਹੈ, ਜਿਨ੍ਹਾਂ ਕੋਲੋਂ ਸਥਾਪਨਾ ਕਰਾਉਣਗੇ ਉਸ ਤੋਂ ਹੀ ਪਾਲਣਾ ਵੀ ਕਰਾਉਣਗੇ। ਸਥਾਪਨਾ ਕਰਦੇ ਹਨ ਬ੍ਰਹਮਾ। ਬ੍ਰਹਮਾ ਦੇ

ਨਾਲ ਸਰਸਵਤੀ ਆਦਿ ਬਹੁਤ ਬੱਚੇ ਹਨ। ਅਸਲ ਵਿੱਚ ਇਹ ਵੀ ਪਤਿਤ ਤੋਂ ਪਾਵਨ ਬਣ ਰਹੇ ਹਨ। ਤਾਂ ਕਾਂਨਫਰੇਂਸ ਵਿੱਚ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਹੈਡ ਜਗਦੰਬਾ ਹੋਣੀ ਚਾਹੀਦੀ ਹੈ ਕਿਉਂਕਿ ਮਾਤਾਵਾਂ ਦਾ ਬਹੁਤ ਮਾਨ ਹੈ। ਜਗਤ ਅੰਬਾ ਦਾ ਮੇਲਾ ਬੜਾ ਭਾਰੀ ਲੱਗਦਾ ਹੈ। ਉਹ ਹੈ ਜਗਤ ਪਿਤਾ ਦੀ ਬੇਟੀ। ਹੁਣ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ। ਗੀਤਾ ਐਪੀਸੋਡ ਰਿਪੀਟ ਹੋ ਰਿਹਾ ਹੈ। ਇਹ ਉਹ ਹੀ ਮਹਾਭਾਰਤ ਦੀ ਲੜਾਈ ਸਾਹਮਣੇ ਖੜੀ ਹੈ। ਬਾਬਾ ਵੀ ਕਹਿੰਦੇ ਹੈ ਮੈਂ ਕਲਪ - ਕਲਪ ਦੇ ਸੰਗਮਯੁਗ ਤੇ ਆਉਂਦਾ ਹਾਂ, ਭ੍ਰਿਸ਼ਟਾਚਾਰੀ ਦੁਨੀਆਂ ਨੂੰ ਸ਼੍ਰੇਸਠਾਚਾਰੀ ਬਣਾਉਣ। ਜਗਤ ਅੰਬਾ ਗਾਡੇਜ ਆਫ਼ ਨਾਲੇਜ਼ ਗਾਈ ਹੋਈ ਹੈ। ਉਹਨਾਂ ਦੇ ਨਾਲ ਗਿਆਨ ਗੰਗਾਂਵਾਂ ਵੀ ਹਨ। ਉਹਨਾਂ ਕੋਲੋਂ ਪੁੱਛ ਸਕਦੇ ਹੋ ਕਿ ਉਹਨਾਂ ਨੂੰ ਇਹ ਨਾਲੇਜ਼ ਕਿਥੋਂ ਤੋਂ ਹੋਈ ਹੈ! ਨਾਲੇਜ਼ਫੁੱਲ ਗੋਡ ਫ਼ਾਦਰ ਤਾਂ ਇੱਕ ਹੀ ਹੈ, ਉਹ ਨਾਲੇਜ਼ ਕਿਵੇਂ ਦੇਣ? ਜਰੂਰ ਉਹਨਾਂ ਨੂੰ ਸ਼ਰੀਰ ਲੈਣਾ ਪਵੇਗਾ। ਤਾਂ ਬ੍ਰਹਮਾ ਮੁਖ ਕਮਲ ਤੋਂ ਸੁਣਾਉਂਦੇ ਹਨ। ਇਹ ਮਾਤਾਵਾਂ ਬੈਠ ਸਮਝਾਉਣਗੀਆਂ। ਕਾਂਨਫਰੇਂਸ ਵਿੱਚ ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਨਾ ਕਿ ਵੱਡਾ ਧਰਮ ਕਿਹੜਾ ਹੈ? ਇਹ ਤਾਂ ਕੋਈ ਸਮਝਦੇ ਹੀ ਨਹੀਂ ਕਿ ਅਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹਾਂ। ਬਾਪ ਕਹਿੰਦੇ ਹਨ ਇਹ ਧਰਮ ਜਦੋਂ ਪ੍ਰਾਯ ਲੋਪ ਹੋ ਜਾਂਦਾ ਹੈ ਤਾਂ ਮੈਂ ਆਕੇ ਫਿਰ ਸਥਾਪਨ ਕਰਦਾ ਹਾਂ। ਹੁਣ ਦੇਵਤਾ ਧਰਮ ਹੈ ਨਹੀਂ। ਬਾਕੀ 3 ਧਰਮਾਂ ਦੀ ਵ੍ਰਿਧੀ ਹੁੰਦੀ ਜਾ ਰਹੀ ਹੈ। ਤਾਂ ਜਰੂਰ ਦੇਵੀ -ਦੇਵਤਾ ਧਰਮ ਫਿਰ ਤੋਂ ਸਥਾਪਨ ਕਰਨਾ ਪਵੇ। ਫਿਰ ਇਹ ਸਭ ਧਰਮ ਰਹਿਣਗੇ ਹੀ ਨਹੀਂ। ਬਾਪ ਆਉਂਦੇ ਹੀ ਹਨ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਨ। ਤੁਸੀਂ ਬੱਚੀਆਂ ਹੀ ਦਸ ਸਕਦੀਆਂ ਹੋ ਕਿ ਪੀਸ ਕਿਵੇਂ ਸਥਾਪਨ ਹੋ ਸਕਦੀ ਹੈ? ਸ਼ਾਂਤੀ ਦਾ ਸਾਗਰ ਤਾਂ ਹੈ ਹੀ ਪਰਮਪਿਤਾ ਪਰਮਾਤਮਾ। ਤਾਂ ਪੀਸ ਜਰੂਰ ਉਹ ਹੀ ਸਥਾਪਨ ਕਰਨਗੇ। ਗਿਆਨ ਦਾ ਸਾਗਰ, ਸੁਖ ਦਾ ਸਾਗਰ ਉਹ ਹੈ। ਗਾਉਂਦੇ ਵੀ ਹਨ ਪਤਿਤ - ਪਾਵਨ ਆਓ, ਆਕੇ ਭਾਰਤ ਨੂੰ ਪਾਵਨ ਰਾਮਰਾਜ ਬਣਾਓ। ਪੀਸਫੁੱਲ ਤਾਂ ਉਹ ਹੀ ਬਨਾਉਣਗੇ। ਇਹ ਬਾਪ ਦਾ ਹੀ ਕਰਤਵ ਹੈ। ਤੁਸੀਂ ਉਹਨਾਂ ਦੀ ਮਤ ਤੇ ਚੱਲਣ ਨਾਲ ਸ਼੍ਰੇਸ਼ਠ ਪਦਵੀ ਪਾਉਂਦੇ ਹੋ। ਬਾਪ ਕਹਿੰਦੇ ਹਨ ਜੋ ਮੇਰੇ ਬਣਨਗੇ, ਰਾਜਯੋਗ ਸਿੱਖਣਗੇ ਅਤੇ ਪਵਿੱਤਰਤਾ ਦੀ ਪ੍ਰਤਿਗਿਆ ਕਰਨਗੇ ਕਿ ਬਾਬਾ ਅਸੀਂ ਪਵਿੱਤਰ ਬਣ 21 ਜਨਮਾਂ ਦਾ ਵਰਸਾ ਲਵਾਂਗੇ ਉਹ ਹੀ ਮਾਲਿਕ ਬਣਨਗੇ, ਪਤਿਤ ਤੋਂ ਪਾਵਨ ਬਣਨਗੇ। ਪਾਵਨ ਹੈ ਲਕਸ਼ਮੀ - ਨਾਰਾਇਣ ਸਭਤੋਂ ਉੱਚ। ਹੁਣ ਫਿਰ ਪਾਵਨ ਦੁਨੀਆਂ ਦੀ ਸਥਾਪਨਾ ਹੋ ਰਹੀ ਹੈ। ਤੁਸੀਂ ਪੀਸ ਦੇ ਲਈ ਕਾਂਨਫਰੇਂਸ ਕਰ ਰਹੇ ਹੋ ਪਰ ਮਨੁੱਖ ਥੋੜੀਹੀ ਪੀਸ ਕਰਨਗੇ। ਇਹ ਤਾਂ ਸ਼ਾਂਤੀ ਦੇ ਸਾਗਰ ਬਾਪ ਦਾ ਕੰਮ ਹੈ। ਕਾਂਨਫਰੇਂਸ ਵਿੱਚ ਵੱਡੇ ਆਦਮੀ ਆਉਂਦੇ ਹਨ, ਬਹੁਤ ਮੈਂਬਰਸ ਬਣਦੇ ਹਨ ਤਾਂ ਉਹਨਾਂ ਨੂੰ ਰਾਏ ਵੀ ਦੇਣੀ ਪਵੇ। ਫ਼ਾਦਰ ਸ਼ੋਜ਼ ਸਨ। ਸ਼ਿਵਬਾਬਾ ਦੇ ਪੋਤਰੇ ਬ੍ਰਹਮਾ ਦੇ ਬੱਚੇ ਹਨ ਗਾਡੇਜ ਆਫ਼ ਨਾਲੇਜ਼। ਉਹਨਾਂ ਨੂੰ ਗੋਡ ਨੇ ਨਾਲੇਜ਼ ਦਿੱਤੀ ਹੈ। ਮਨੁੱਖ ਤਾਂ ਸ਼ਾਸ਼ਤਰਾਂ ਦੀ ਨਾਲੇਜ਼ ਪੜ੍ਹਦੇ ਹਨ। ਇਵੇਂ ਭਭਕੇ ਨਾਲ ਸਮਝਾਓ ਤਾਂ ਬੜਾ ਮਜ਼ਾ ਹੋਵੇ। ਯੁਕਤੀ ਜਰੂਰ ਰਚਨੀ ਪੈਂਦੀ ਹੈ। ਇੱਕ ਪਾਸੇ ਉਹਨਾਂ ਦੀ ਕਾਂਨਫਰੇਸ ਹੋਵੇ ਅਤੇ ਦੂਜੇ ਪਾਸੇ ਫਿਰ ਤੁਹਾਡੀ ਵੀ ਭਭਕੇ ਨਾਲ ਕਾਂਨਫਰੇਂਸ ਹੋਵੇ। ਚਿੱਤਰ ਵੀ ਕਲੀਅਰ ਹੈ, ਜਿਨ੍ਹਾਂ ਨਾਲ ਝੱਟ ਸਮਝ ਜਾਣਗੇ। ਉਹਨਾਂ ਦਾ ਆਕੂਪੇਸ਼ਨ ਵੱਖ ਹੈ, ਉਹਨਾਂ ਦਾ ਵੱਖ ਹੈ। ਇਵੇਂ ਥੋੜੀਹੀ ਸਭ ਇੱਕ ਹੀ ਇੱਕ ਹੈ। ਨਹੀਂ। ਸਭ ਧਰਮਾਂ ਦਾ ਪਾਰਟ ਵੱਖ - ਵੱਖ ਹੈ। ਸ਼ਾਂਤੀ ਦੇ ਲਈ ਮਿਲ ਕਰਕੇ ਕੰਮ ਕਰਦੇ ਹਨ, ਕਹਿੰਦੇ ਹਨ ਰਿਲੀਜਨ ਇੰਜ ਮਾਈਟ। ਪਰ ਸਭਤੋਂ ਤਾਕਤ ਵਾਲਾ ਕੌਣ? ਉਹ ਹੀ ਆਕੇ ਪਹਿਲਾ ਨੰਬਰ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦੇ ਹਨ। ਇਹ ਤੁਸੀਂ ਬੱਚੇ ਹੀ ਜਾਣਦੇ ਹੋ। ਦਿਨ - ਪ੍ਰਤੀਦਿਨ ਤੁਸੀਂ ਬੱਚਿਆਂ ਨੂੰ ਪੁਆਇੰਟਸ ਮਿਲਦੀ ਰਹਿੰਦੀ ਹੈ। ਸਮਝਾਉਣ ਦੀ ਪਾਵਰ ਵੀ ਹੈ। ਯੋਗੀ ਦੀ ਪਾਵਰ ਚੰਗੀ ਹੋਵੇਗੀ। ਬਾਬਾ ਕਹਿੰਦੇ ਗਿਆਨੀ ਤੂੰ ਆਤਮਾ ਹੀ ਮੈਨੂੰ ਪ੍ਰਿਯ ਹੈ। ਇਵੇਂ ਨਹੀਂ ਕਿ ਯੋਗੀ ਪ੍ਰਿਯ ਨਹੀਂ ਹੈ। ਜੋ ਗਿਆਨੀ ਹੋਣਗੇ ਉਹ ਹੀ ਯੋਗੀ ਵੀ ਜਰੂਰ ਹੋਣਗੇ। ਯੋਗ ਪਰਮਪਿਤਾ ਪਰਮਾਤਮਾ ਦੇ ਨਾਲ ਰੱਖਦੇ ਹਨ। ਯੋਗ ਬਿਗਰ ਧਰਨਾ ਨਹੀਂ ਹੋਵੇਗੀ। ਜਿਨ੍ਹਾਂ ਦਾ ਯੋਗ ਨਹੀਂ ਹੈ ਤਾਂ ਧਾਰਨਾ ਵੀ ਨਹੀਂ ਹੈ ਕਿਉਂਕਿ ਦੇਹ - ਅਭਿਮਾਨ ਬਹੁਤ ਹੈ। ਬਾਪ ਤਾਂ ਸਮਝਾਉਂਦੇ ਹਨ - ਅਸੁਰੀ ਬੁੱਧੀ ਨੂੰ ਦੈਵੀ ਬੁੱਧੀ ਬਣਾਉਣਾ ਹੈ। ਪੱਥਰਬੁੱਧੀ ਨੂੰ ਪਾਰਸ ਬੁੱਧੀ ਬਣਾਉਣ ਵਾਲਾ ਬਾਪ ਈਸ਼ਵਰ ਹੈ। ਰਾਵਣ ਆਕੇ ਕੇ ਪੱਥਰਬੁੱਧੀ ਬਣਾਉਂਦੇ ਹਨ। ਉਹਨਾਂ ਦਾ ਨਾਮ ਹੈ ਆਸੁਰੀ ਸੰਪ੍ਰਦਾਈ। ਦੇਵਤਾਵਾਂ ਦੇ ਅੱਗੇ ਕਹਿੰਦੇ ਹਨ ਸਾਡੇ ਵਿੱਚ ਕੋਈ ਗੁਣ ਨਹੀਂ, ਅਸੀਂ ਕਾਮੀ ਕਪਟੀ ਹਾਂ। ਤੁਸੀਂ ਮਾਤਾਵਾਂ ਚੰਗੀ ਤਰ੍ਹਾਂ ਸਮਝਾ ਸਕਦੀਆਂ ਹੋ। ਮੁਰਲੀ ਚਲਾਉਣ ਦਾ ਇਤਨਾ ਹੌਸਲਾ ਚਾਹੀਦਾ ਹੈ। ਵੱਡੀ -ਵੱਡੀ ਸਭਾਵਾਂ ਵਿੱਚ ਇਵੇਂ -ਇਵੇਂ ਗੱਲਾਂ ਕਰਨੀਆਂ ਪੈਣ। ਮੰਮਾ ਹੈ ਗਾਡੇਜ ਆਫ਼ ਨਾਲੇਜ਼। ਬ੍ਰਹਮਾ ਨੂੰ ਕਦੀ ਗੋਡ ਆਫ਼ ਨਾਲੇਜ਼ ਨਹੀਂ ਕਿਹਾ ਜਾਂਦਾ ਹੈ। ਸਰਸਵਤੀ ਦਾ ਨਾਮ ਗਾਇਆ ਹੋਇਆ ਹੈ। ਜਿਸਦਾ ਜੋ ਨਾਮ ਹੈ ਉਹ ਹੀ ਰੱਖਦੇ ਹਨ। ਮਾਤਾਵਾਂ ਦਾ ਨਾਮ ਬਾਲਾ ਕਰਨਾ ਹੈ। ਕਈ ਗੋਪਾ ਨੂੰ ਵੀ ਬਹੁਤ ਦੇਹ - ਅਭਿਮਾਨ ਹੈ। ਸਮਝਦੇ ਹਨ ਅਸੀਂ ਬ੍ਰਹਮਾਕੁਮਾਰ ਗੋਡ ਆਫ਼ ਨਾਲੇਜ਼ ਨਹੀਂ ਹਾਂ ਕੀ! ਅਰੇ, ਖੁਦ ਬ੍ਰਹਮਾ ਹੀ ਆਪਣੇ ਨੂੰ ਗੋਡ ਆਫ਼ ਨਾਲੇਜ਼ ਨਹੀਂ ਕਹਿੰਦੇ। ਮਾਤਾਵਾਂ ਦਾ ਬਹੁਤ ਰਿਗਾਰ੍ਡ ਰੱਖਣਾ ਪਵੇ। ਇਹ ਮਾਤਾਵਾਂ ਹੀ ਜੀਵਨ ਪਲਟਨ ਵਾਲੀਆਂ ਹਨ। ਮਾਤਾਵਾਂ ਵੀ ਹਨ, ਕੰਨਿਆਵਾਂ ਵੀ ਹਨ। ਅਧਰ ਕੁਮਾਰੀ ਦਾ ਰਾਜ਼ ਤਾਂ ਕੋਈ ਸਮਝਦੇ ਨਹੀਂ ਹਨ। ਭਾਵੇਂ ਸ਼ਾਦੀ ਕੀਤੀ ਹੋਈ ਹੈ ਤਾਂ ਵੀ ਬ੍ਰਹਮਾਕੁਮਾਰੀਆਂ ਹਨ। ਇਹ ਬੜੀਆਂ ਵੰਡਰਫੁੱਲ ਗੱਲਾਂ ਹਨ। ਜਿਨ੍ਹਾਂ ਨੂੰ ਬਾਪ ਕੋਲੋਂ ਵਰਸਾ ਲੈਣਾ ਹੈ ਉਹ ਸਮਝਦੇ ਹਨ। ਬਾਕੀ ਜਿਨ੍ਹਾਂ ਦੀ ਤਕਦੀਰ ਵਿੱਚ ਨਹੀਂ ਹੈ ਉਹ ਕੀ ਸਮਝਣਗੇ, ਨੰਬਰਵਾਰ ਦਰਜੇ ਜਰੂਰ ਹਨ। ਉਥੇ ਵੀ ਕਈ ਦਾਸ - ਦਾਸੀਆਂ ਹੋਣਗੇ, ਕਈ ਪ੍ਰਜਾ ਹੋਵੇਗੀ। ਪ੍ਰਜਾ ਵੀ ਚਾਹੀਦੀ ਹੈ। ਮਨੁੱਖ ਸ੍ਰਿਸ਼ਟੀ ਵ੍ਰਿਧੀ ਨੂੰ ਪਾਉਦੀ ਰਹੇਗੀ। ਤਾਂ ਪ੍ਰਜਾ ਵੀ ਵ੍ਰਿਧੀ ਨੂੰ ਪਾਉਦੀ ਰਹੇਗੀ। ਤਾਂ ਇਵੇਂ - ਇਵੇਂ ਕਾਂਨਫਰੇਂਸ ਜੋ ਹੁੰਦੀ ਹੈ ਉਸਦੇ ਲਈ ਜੋ ਆਪਣੇ ਨੂੰ ਮੁਖ ਸਮਝਦੇ ਹਨ ਉਹਨਾਂ ਨੂੰ ਤਿਆਰ ਰਹਿਣਾ ਚਾਹੀਦਾ ਹੈ। ਜਿਨ੍ਹਾਂ ਵਿੱਚ ਗਿਆਨ ਨਹੀਂ ਹੈ ਉਹ ਜਿਵੇਂ ਛੋਟੇ ਠਹਿਰੇ। ਇੰਨੀ ਬੁੱਧੀ ਨਹੀਂ। ਦੇਖਣ ਵਿੱਚ ਭਾਵੇਂ ਵੱਡੇ ਹਨ ਪਰ ਬੁੱਧੀ ਨਹੀਂ ਹੈ, ਉਹ ਛੋਟੇ ਹਨ। ਕਿਸੇ - ਕਿਸੇ ਦੀ ਬੁੱਧੀ ਚੰਗੀ ਹੈ। ਸਾਰਾ ਮਦਾਰ ਬੁੱਧੀ ਤੇ ਹੈ। ਛੋਟੇ - ਛੋਟੇ ਵੀ ਤਿੱਖੇ ਚਲੇ ਜਾਂਦੇ ਹਨ। ਕਿਸੇ ਦੀ ਸਮਝਾਉਣੀ ਵਿੱਚ ਬੜਾ ਮਿਠਾਸ ਹੁੰਦਾ ਹੈ। ਗੱਲਬਾਤ ਬੜੀ ਰਾਇਲ ਕਰਦੇ ਹਨ। ਸਮਝਣਗੇ ਇਹ ਰਿਫਾਇਨ ਬੱਚੇ ਹਨ। ਚਲਣ ਨਾਲ ਵੀ ਸ਼ੋ ਹੁੰਦਾ ਹੈ ਨਾ। ਬੱਚਿਆਂ ਦੀ ਚਲਣ ਬਹੁਤ ਰਾਇਲ ਹੋਣੀ ਚਾਹੀਦੀ ਹੈ। ਕੋਈ ਅਨਰਾਇਲ ਕੰਮ ਨਹੀਂ ਕਰਨਾ ਚਾਹੀਦਾ ਹੈ। ਨਾਮ

ਬਦਨਾਮ ਕਰਨ ਵਾਲੇ ਉੱਚ ਪਦਵੀ ਪਾ ਨਹੀਂ ਸਕਦੇ। ਸ਼ਿਵਬਾਬਾ ਦਾ ਨਾਮ ਬਦਨਾਮ ਕਰਦੇ ਹਨ ਤਾਂ ਬਾਪ ਦਾ ਵੀ ਹੱਕ ਹੈ ਸਮਝਾਉਣ ਦਾ। ਅੱਛਾ!

ਮਿੱਠੇ -ਮਿੱਠੇ ਸਿਕੀਲੱਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ - ਪਿਆਰ ਅਤੇ ਗੁਡਮੋਰਨਿਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤਰੀ ਕਲਾਸ

ਹੁਣ ਤੁਸੀਂ ਸਮਝਦੇ ਹੋ ਕਿ ਅਸੀਂ ਜੀਵ ਆਤਮਾਵਾਂ ਪਰਮਪਿਤਾ ਪਰਮਾਤਮਾ ਦੇ ਸਮੁਖ ਬੈਠੇ ਹਾਂ। ਇਸਨੂੰ ਹੀ ਮੰਗਲ ਮਿਲਣ ਕਿਹਾ ਜਾਂਦਾ ਹੈ। ਗਾਇਆ ਜਾਂਦਾ ਹੈ ਨਾ - 'ਮੰਗਲਮ ਭਗਵਾਨ ਵਿਸ਼ਨੂੰ। ਹੁਣ ਮੰਗਲ ਹੈ ਨਾ' ਮਿਲਣ ਦਾ। ਭਗਵਾਨ ਵਰਸਾ ਦਿੰਦੇ ਹਨ ਵਿਸ਼ਨੂੰ ਕੁਲ ਦਾ, ਇਸਲਈ ਉਹਨਾਂ ਨੂੰ 'ਮੰਗਲਮ ਭਗਵਾਨ ਵਿਸ਼ਨੂੰ 'ਕਿਹਾ ਜਾਂਦਾ ਹੈ। ਜਦੋਂ ਬਾਪ ਮਿਲਦੇ ਹਨ ਜੀਵ ਆਤਮਾਵਾਂ ਨਾਲ, ਉਹ ਮਿਲਣ ਬੜਾ ਸੁੰਦਰ ਹੈ। ਤੁਸੀਂ ਵੀ ਸਮਝਦੇ ਹੋ ਹੁਣ ਅਸੀਂ ਈਸ਼ਵਰੀ ਬੱਚੇ ਬਣੇ ਹੈ, ਈਸ਼ਵਰ ਕੋਲੋਂ ਆਪਣਾ ਵਰਸਾ ਲੈਣ ਲਈ। ਬੱਚੇ ਜਾਣਦੇ ਹਨ ਈਸ਼ਵਰ ਦੇ ਵਰਸੇ ਬਾਅਦ ਦੈਵੀ ਵਰਸਾ ਮਿਲਦਾ ਹੈ ਮਤਲਬ ਸਵਰਗ ਵਿੱਚ ਪੁਨਰਜਨਮ ਮਿਲਦਾ ਹੈ ਤਾਂ ਤੁਸੀਂ ਬੱਚਿਆਂ ਨੂੰ ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ ਹੈ। ਤੁਹਾਡੇ ਵਰਗੇ ਖੁਸ਼ਨਸੀਬ ਅਤੇ ਸੋਭਾਗਸ਼ਾਲੀ ਤਾਂ ਕੋਈ ਨਹੀਂ। ਦੁਨੀਆਂ ਵਿੱਚ ਸਿਵਾਏ ਬ੍ਰਾਹਮਣ ਕੁਲ ਦੇ ਹੋਰ ਕੋਈ ਵੀ ਭਾਗਸ਼ਾਲੀ ਹੋ ਨਹੀਂ ਸਕਦਾ। ਵਿਸ਼ਨੂੰ ਕੁਲ ਸੈਕਿੰਡ ਨੰਬਰ ਵਿੱਚ ਹੋ ਗਿਆ। ਉਹ ਦੈਵੀ ਗੋਦ ਹੋ ਜਾਂਦੀ। ਹੁਣ ਈਸ਼ਵਰੀ ਗੋਦ ਹੈ। ਇਹ ਤਾਂ ਉੱਚ ਠਹਿਰੇ ਨਾ। ਦੇਲਵਾੜਾ ਮੰਦਿਰ ਈਸ਼ਵਰੀ ਗੋਦ ਦਾ ਮੰਦਿਰ ਹੈ। ਜਿਵੇਂ ਅੰਬਾ ਦਾ ਵੀ ਮੰਦਿਰ ਹੈ, ਉਹ ਇਨਾਂ ਸੰਗਮਯੁਗ ਦਾ ਸਾਕਸ਼ਾਤਕਾਰ ਨਹੀਂ ਕਰਾਉਂਦੇ ਹਨ, ਇਹ ਦਿਲਵਾੜਾ ਮੰਦਿਰ ਸੰਗਮਯੁਗ ਦਾ ਸਾਕਸ਼ਾਤਕਾਰ ਕਰਾਉਂਦਾ ਹੈ। ਬੱਚਿਆਂ ਨੂੰ ਜਿੰਨੀ ਸਮਝ ਹੈ ਓਨਾ ਹੋਰ ਕੋਈ ਮਨੁੱਖ ਮਾਤਰ ਦੀ ਹੋ ਨਾ ਸਕੇ। ਜਿਨ੍ਹਾਂ ਤੁਸੀਂ ਬ੍ਰਾਹਮਣਾਂ ਨੂੰ ਸਮਝ ਹੈ, ਓਨੀ ਦੇਵਤਾਵਾਂ ਨੂੰ ਵੀ ਨਹੀਂ ਹੈ। ਤੁਸੀਂ ਸੰਗਮਯੁਗੀ ਬ੍ਰਾਹਮਣ ਹੋ। ਉਹ ਸੰਗਮਯੁਗੀ ਬ੍ਰਾਹਮਣਾਂ ਦੀ ਮਹਿਮਾ ਕਰਦੇ ਹਨ। ਕਹਿੰਦੇ ਹਨ ਬ੍ਰਾਹਮਣ ਸੋ ਦੇਵਤਾ ਬਣਦੇ ਹਨ। ਇਵੇਂ ਬ੍ਰਾਹਮਣਾਂ ਨੂੰ ਨਮ। ਬ੍ਰਾਹਮਣ ਹੀ ਨਰਕ ਨੂੰ ਸਵਰਗ ਬਣਾਉਣ ਦੀ ਸਰਵਿਸ ਕਰਦੇ ਹਨ, ਅਜਿਹੇ ਬੱਚਿਆਂ (ਬ੍ਰਾਹਮਣਾਂ) ਨੂੰ ਨਮਸਤੇ ਕਰਦੇ ਹਨ। ਅੱਛਾ - ਗੁੱਡਨਾਈਟ।

ਧਾਰਨਾ ਦੇ ਲਈ ਮੁਖ ਸਾਰ :-

1) ਬਾਪ ਦਾ ਪ੍ਰਿਯ ਬਣਨ ਦੇ ਲਈ ਗਿਆਨੀ ਅਤੇ ਯੋਗੀ ਬਣਨਾ ਹੈ। ਦੇਹ - ਅਭਿਮਾਨ ਨਹੀਂ ਆਉਣਾ ਚਾਹੀਦਾ ਹੈ।

2) ਮੁਰਲੀ ਚਲਾਉਣ ਦਾ ਹੌਸਲਾ ਰੱਖਣਾ ਹੈ। ਆਪਣੀ ਚੱਲਣ ਨਾਲ ਬਾਪ ਦਾ ਸ਼ੋ ਕਰਨਾ ਹੈ। ਗੱਲਬਾਤ ਬੜੇ ਮਿਠਾਸ ਨਾਲ ਕਰਨੀ ਹੈ।

ਵਰਦਾਨ:- ਕਰਮਭੋਗ ਨੂੰ ਕਰਮਯੋਗ ਵਿੱਚ ਪਰਿਵਰਤਨ ਕਰ ਸੇਵਾ ਦੇ ਨਿਮਿਤ ਬਣਨ ਵਾਲੇ ਭਾਗਵਾਨ ਭਵ ਤਨ ਦਾ ਹਿਸਾਬ - ਕਿਤਾਬ ਕਦੀ ਪ੍ਰਾਪਤੀ ਅਤੇ ਪੁਰਸ਼ਾਰਥ ਦੇ ਮਾਰਗ ਵਿੱਚ ਵਿਘਣ ਅਨੁਭਵ ਨਾ ਹੋਵੇ। ਤਨ ਕਦੀ ਵੀ ਸੇਵਾ ਤੋਂ ਵੰਚਿਤ ਨਹੀਂ ਹੋਣ ਦਵੋ। ਭਾਗਵਾਨ ਆਤਮਾ ਕਰਮਭੋਗ ਦੇ ਸਮੇਂ ਵੀ ਕਿਸੇ ਨਾ ਕਿਸੇ ਤਰ੍ਹਾਂ ਦੇ ਨਿਮਿਤ ਬਣ ਜਾਂਦੀ ਹੈ। ਕਰਮਭੋਗ ਭਾਵੇਂ ਛੋਟਾ ਹੋਵੇ ਜਾਂ ਵੱਡਾ, ਉਸ ਦੀ ਕਹਾਣੀ ਦਾ ਵਿਸਤਾਰ ਨਹੀਂ ਕਰੋ, ਉਸ ਨੂੰ ਵਰਨਣ ਕਰਨਾ ਮਾਨਾ ਸਮੇਂ ਅਤੇ ਸ਼ਕਤੀ ਵਿਅਰਥ ਗਵਾਉਣਾ। ਯੋਗੀ ਜੀਵਨ ਮਾਨਾ ਕਰਮਭੋਗ ਨੂੰ ਕਰਮਯੋਗ ਵਿੱਚ ਬਦਲ ਦੇਣਾ - ਇਹ ਹੀ ਹੈ ਭਾਗਵਾਨ ਦੀ ਨਿਸ਼ਾਨੀ।

ਸਲੋਗਨ:- ਦ੍ਰਿਸ਼ਟੀ ਵਿਚ ਰਹਿਮ ਅਤੇ ਸ਼ੁਭ ਭਾਵਨਾ ਹੋਵੇ ਤਾਂ ਅਭਿਮਾਨ ਅਤੇ ਅਪਮਾਨ ਦੀ ਦ੍ਰਿਸ਼ਟੀ ਖਤਮ ਹੋ ਜਾਵੇਗੀ।

******